Punjabi - Number 23c
January 2026

# ਮੇਨਿੰਨਜੋਕੋਕਲ ਬੀ (ਮੇਨ-ਬੀ) ਵੈਕਸੀਨ

# Meningococcal B (Men-B) vaccine

ਟੀਕਾਕਰਨ ਨੇ ਪਿਛਲੇ 50 ਸਾਲਾਂ ਵਿੱਚ ਕੈਨੇਡਾ ਵਿੱਚ ਹੋਰ ਕਿਸੇ ਵੀ ਸਿਹਤ ਉਪਾਅ ਨਾਲੋਂ ਵਧੇਰੇ ਜਾਨਾਂ ਬਚਾਈਆਂ ਹਨ।

## ਮੇਨ-ਬੀ ਵੈਕਸੀਨ ਕੀ ਹੈ?

ਮੇਨ-ਬੀ ਵੈਕਸੀਨ ਮੇਨਿੰਨਜੋਕੋਕਲ ਬੈਕਟੀਰੀਆ ਦੀਆਂ ਸਭ ਤੋਂ ਆਮ ਕਿਸਮਾਂ ਵਿੱਚੋਂ ਇੱਕ, ਟਾਈਪ ਬੀ, ਤੋਂ ਹੋਣ ਵਾਲੀ ਲਾਗ ਤੋਂ ਬਚਾਉਂਦੀ ਹੈ। ਇਹ ਵੈਕਸੀਨ ਹੈਲਥ ਕੈਨੇਡਾ ਦੁਆਰਾ ਪ੍ਰਵਾਨਿਤ ਹੈ।

ਮੇਨ-ਬੀ ਵੈਕਸੀਨ ਬੀ.ਸੀ. ਵਿੱਚ ਨਿਯਮਤ ਟੀਕਾਕਰਨ ਸ਼ਡਿਊਲ ਦਾ ਹਿੱਸਾ ਨਹੀਂ ਹੈ। ਪਰੰਤੂ, ਮੇਨਿੰਨਜੋਕੋਕਲ ਸੀ ਬਿਮਾਰੀ ਲਈ ਵੈਕਸੀਨ ਨਿਯਮਤ ਤੌਰ 'ਤੇ ਬੱਚਿਆਂ ਨੂੰ ਦਿੱਤੀ ਜਾਂਦੀ ਹੈ ਅਤੇ ਗ੍ਰੇਡ 9 ਦੇ ਵਿਦਿਆਰਥੀਆਂ ਨੂੰ ਮੇਨਿੰਨਜੋਕੋਕਲ ਟਾਈਪ A, C, Y ਅਤੇ W ਤੋਂ ਬਚਾਅ ਕਰਨ ਵਾਲੀ ਵੈਕਸੀਨ ਦਿੱਤੀ ਜਾਂਦੀ ਹੈ। ਦੋਵੇਂ ਵੈਕਸੀਨਾਂ ਮੁਫ਼ਤ ਦਿੱਤੀਆਂ ਜਾਂਦੀਆਂ ਹਨ। ਹੋਰ ਜਾਣਕਾਰੀ ਲਈ, HealthLinkBC File #23a ਮੇਨਿੰਨਜੋਕੋਕਲ ਸੀ ਕੌਨਜੂਗੇਟ (ਮੇਨ-ਸੀ) ਵੈਕਸੀਨ ਅਤੇ HealthLinkBC File #23b ਮੇਨਿੰਨਜੋਕੋਕਲ ਕੁਆਡਰੀਵੈਲੈਂਟ ਕੌਨਜੂਗੇਟ ਵੈਕਸੀਨ ਵੇਖੋ।

## ਵੈਕਸੀਨ ਕਿਸਨੂੰ ਲਗਵਾਉਣੀ ਚਾਹੀਦੀ ਹੈ?

ਮੇਨ-ਬੀ ਵੈਕਸੀਨ 2 ਮਹੀਨੇ ਅਤੇ ਉਸ ਤੋਂ ਵੱਧ ਉਮਰ ਦੇ ਉਨ੍ਹਾਂ ਬੱਚਿਆਂ ਨੂੰ ਮੁਫਤ ਦਿੱਤੀ ਜਾਂਦੀ ਹੈ ਜੋ ਮੇਨਿੰਨਜੋਕੋਕਲ ਬੀ ਬਿਮਾਰੀ ਦੇ ਕਿਸੇ ਕੇਸ ਦੇ ਨਜ਼ਦੀਕੀ ਸੰਪਰਕ ਵਿੱਚ ਰਹੇ ਹਨ।

ਇਸ ਵੈਕਸੀਨ ਦੀ ਉਹਨਾਂ ਲੋਕਾਂ ਲਈ ਸਿਫ਼ਾਰਸ਼ ਕੀਤੀ ਜਾਂਦੀ ਹੈ, ਪਰ ਉਨ੍ਹਾਂ ਨੂੰ ਮੁਫ਼ਤ ਮੁਹੱਈਆ ਨਹੀਂ ਕੀਤੀ ਜਾਂਦੀ, ਜਿਨ੍ਹਾਂ ਨੂੰ ਕੁਝ ਮੈਡੀਕਲ ਸਥਿਤੀਆਂ ਦੇ ਕਾਰਨ ਮੇਨਿੰਨਜੋਕੋਕਲ ਬੀ ਲਾਗ ਦਾ ਖ਼ਤਰਾ ਹੈ, ਜਿੰਨ੍ਹਾਂ ਵਿੱਚ ਸ਼ਾਮਲ ਹਨ:

- ਤਿੱਲੀ ਨਾ ਹੋਣਾ, ਜਾਂ ਅਜਿਹੀ ਤਿੱਲੀ ਹੋਣਾ ਜੋ ਠੀਕ ਤਰ੍ਹਾਂ ਕੰਮ ਨਹੀਂ ਕਰ ਰਹੀ ਹੈ
- ਕੌਮਪਲੀਮੈਂਟ (complement), ਪ੍ਰੋਪਰਡਿਨ (properdin), ਫੈਕਟਰ ਡੀ ਜਾਂ ਪ੍ਰਾਇਮਰੀ ਐਂਟੀਬਾਡੀ ਦੀਆਂ ਕਮੀਆਂ ਸਮੇਤ ਇਮਿਊਨ ਸਿਸਟਮ ਦੇ ਵਿਕਾਰ ਹੋਣਾ
- ਐੱਚਆਈਵੀ (HIV)

ਹੇਠ ਲਿਖੇ ਲੋਕਾਂ ਲਈ ਇਸ ਵੈਕਸੀਨ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ, ਪਰ ਉਹ ਮੁਫ਼ਤ ਮੁਹੱਈਆ ਨਹੀਂ ਕੀਤੀ ਜਾਂਦੀ:

- ਨਿਯਮਿਤ ਤੌਰ 'ਤੇ ਮੇਨਿੰਨਜੋਕੋਕਲ ਬੈਕਟੀਰੀਆ ਦੇ ਸੰਪਰਕ ਵਿੱਚ ਆਉਣ ਵਾਲੇ ਪ੍ਰਯੋਗਸ਼ਾਲਾ ਕਰਮਚਾਰੀ
- ਫੌਜੀ ਕਰਮਚਾਰੀ
- ਮੇਨਿੰਨਜੋਕੋਕਲ ਬੀ ਬਿਮਾਰੀ ਲਈ ਉੱਚ-ਜੋਖਮ ਵਾਲੇ ਖੇਤਰ ਵਿੱਚ ਯਾਤਰਾ ਕਰਨ ਵਾਲੇ ਲੋਕ

ਉੱਚ-ਜੋਖਮ ਵਾਲੇ ਯਾਤਰਾ ਖੇਤਰਾਂ ਬਾਰੇ ਜਾਣਕਾਰੀ ਲਈ, ਕਿਸੇ ਟ੍ਰੈਵਲ ਕਲੀਨਿਕ ਨਾਲ ਸੰਪਰਕ ਕਰੋ।

ਜੇਕਰ ਤੁਸੀਂ ਮੇਨਿੰਨਜੋਕੋਕਲ ਬੀ ਬਿਮਾਰੀ ਤੋਂ ਸੁਰੱਖਿਅਤ ਰਹਿਣਾ ਚਾਹੁੰਦੇ ਹੋ, ਤਾਂ ਤੁਸੀਂ ਜ਼ਿਆਦਾਤਰ ਫਾਰਮੇਸੀਆਂ ਅਤੇ ਟ੍ਰੈਵਲ ਕਲੀਨਿਕਾਂ ਤੋਂ ਵੈਕਸੀਨ ਖਰੀਦ ਸਕਦੇ ਹੋ।

ਬੀਮਾਰੀਆਂ ਤੋਂ ਬਚਾਉਣ ਲਈ ਲਗਾਏ ਗਏ ਸਾਰੇ ਟੀਕਿਆਂ ਦਾ ਰਿਕਾਰਡ ਰੱਖਣਾ ਮਹੱਤਵਪੂਰਨ ਹੈ।

## ਵੈਕਸੀਨ ਲਗਵਾਉਣ ਦੇ ਕੀ ਲਾਭ ਹਨ?

ਇਹ ਵੈਕਸੀਨ ਮੇਨਿੰਨਜੋਕੋਕਲ ਬੀ ਲਾਗ, ਜੋ ਕਿ ਇੱਕ ਗੰਭੀਰ ਅਤੇ ਕਈ ਵਾਰ ਘਾਤਕ ਬਿਮਾਰੀ ਹੈ, ਦੇ ਵਿਰੁੱਧ ਲੰਬੇ ਸਮੇਂ ਲਈ ਸੁਰੱਖਿਆ ਪ੍ਰਦਾਨ ਕਰਦੀ ਹੈ।

## ਵੈਕਸੀਨ ਦੇ ਬਾਅਦ ਦੀਆਂ ਸੰਭਾਵੀ ਪ੍ਰਤੀਕਿਰਿਆਵਾਂ ਕੀ ਹਨ?

ਵੈਕਸੀਨਾਂ ਬਹੁਤ ਸੁਰੱਖਿਅਤ ਹੁੰਦੀਆਂ ਹਨ। ਮੇਨਿੰਨਜੋਕੋਕਲ ਟਾਈਪ ਬੀ ਬਿਮਾਰੀ ਹੋਣ ਨਾਲੋਂ ਵੈਕਸੀਨ ਲਗਵਾਉਣਾ ਜ਼ਿਆਦਾ ਸੁਰੱਖਿਅਤ ਹੈ। ਵੈਕਸੀਨ ਦੀਆਂ ਆਮ ਪ੍ਰਤੀਕ੍ਰਿਆਵਾਂ ਵਿੱਚ ਵੈਕਸੀਨ ਦਿੱਤੇ ਜਾਣ ਵਾਲੀ ਥਾਂ ਤੇ ਜਲਨ, ਲਾਲੀ, ਅਤੇ ਸੋਜ ਸ਼ਾਮਲ ਹਨ। ਬੁਖਾਰ, ਚਿੜਚਿੜਾਪਨ, ਨੀਂਦ ਆਉਣਾ, ਮਾਸਪੇਸ਼ੀਆਂ ਵਿੱਚ ਦਰਦ ਅਤੇ ਸਿਰ ਦਰਦ ਵੀ ਹੋ ਸਕਦਾ ਹੈ। ਇਹ ਪ੍ਰਤੀਕਿਰਿਆਵਾਂ ਹਲਕੀਆਂ ਹੁੰਦੀਆਂ ਹਨ ਅਤੇ ਆਮ ਤੌਰ 'ਤੇ 1 ਤੋਂ 2 ਦਿਨਾਂ ਲਈ ਰਹਿੰਦੀਆਂ ਹਨ।

ਜੇਕਰ ਮੇਨ-ਬੀ ਵੈਕਸੀਨ ਬਚਪਨ ਦੀਆਂ ਹੋਰ ਨਿਯਮਤ ਵੈਕਸੀਨਾਂ ਦੇ ਨਾਲ ਦਿੱਤੀ ਜਾਂਦੀ ਹੈ ਤਾਂ 2 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਿੱਚ ਬੁਖਾਰ ਸਮੇਤ ਪ੍ਰਤੀਕ੍ਰਿਆਵਾਂ ਵਧੇਰੇ ਆਮ ਹੁੰਦੀਆਂ ਹਨ।

ਬੁਖਾਰ ਜਾਂ ਜਲਨ ਲਈ ਅਸੀਟਾਮੇਨੋਫੇਨ (acetaminophen) (ਉਦਾਹਰਣ ਲਈ ਟਾਇਲੇਨੋਲ (Tylenol®)) ਜਾਂ ਆਈਬਿਊਪ੍ਰੋਫੇਨ (ibuprofen*) (ਉਦਾਹਰਣ ਲਈ ਐਡਵਿਲ (Advil®)) ਦਿੱਤੀ ਜਾ ਸਕਦੀ ਹੈ। ਰੇਏ ਸਿੰਨਡਰੋਮ ਦੇ ਖਤਰੇ ਕਰਕੇ 18 ਸਾਲਾਂ ਤੋਂ ਘੱਟ ਉਮਰ ਦੇ ਕਿਸੇ ਵਿਅਕਤੀ ਨੂੰ ਏਐਸਏ (ASA) (ਉਦਹਾਰਣ ਲਈ ਐਸਪਰੀਨ (Aspirin®)) ਨਹੀਂ ਦਿੱਤੀ ਜਾਣੀ ਚਾਹੀਦੀ।

*ਤੁਹਾਡੇ ਸਿਹਤ ਸੰਭਾਲ ਪ੍ਰਦਾਤਾ ਨਾਲ ਪਹਿਲਾਂ ਗੱਲ ਕੀਤੇ ਬਿਨਾਂ 6 ਮਹੀਨਿਆਂ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਆਈਬਿਊਪਰੋਫ਼ੈਨ ਨਹੀਂ ਦਿੱਤੀ ਜਾਣੀ ਚਾਹੀਦੀ।

ਰੇਏ ਸਿੰਨਡਰੋਮ ਬਾਰੇ ਹੋਰ ਜਾਣਕਾਰੀ ਲਈ, HealthLinkBC File #84 ਰੇਏ ਸਿੰਨਡਰੋਮ 'ਤੇ ਜਾਓ।

ਕੋਈ ਵੀ ਵੈਕਸੀਨ ਲਗਵਾਉਣ ਤੋਂ ਬਾਅਦ 15 ਮਿੰਟ ਤੱਕ ਕਲੀਨਿਕ ਵਿੱਚ ਰਹਿਣਾ ਮਹੱਤਵਪੂਰਨ ਹੈ। ਐਨਾਫਲਾਕਸਿਸ ਨਾਮ ਦੀ ਜੀਵਨ ਨੂੰ ਖਤਰੇ ਵਿੱਚ ਪਾਉਣ ਵਾਲੀ ਅਲਰਜਿਕ ਪ੍ਰਤੀਕ੍ਰਿਆ ਦੀ ਅਤਿ ਵਿਰਲੀ ਸੰਭਾਵਨਾ ਹੈ। ਅਜਿਹਾ ਵੈਕਸੀਨ ਪ੍ਰਾਪਤ ਕਰਨ ਵਾਲੇ ਇੱਕ ਮਿਲੀਅਨ ਵਿੱਚੋਂ ਇੱਕ ਤੋਂ ਵੀ ਘੱਟ ਲੋਕਾਂ ਵਿੱਚ ਹੁੰਦਾ ਹੈ। ਲੱਛਣਾਂ ਵਿੱਚ ਛਪਾਕੀ, ਸਾਹ ਲੈਣ ਵਿੱਚ ਤਕਲੀਫ, ਜਾਂ ਗਲੇ, ਜੀਭ ਜਾਂ ਬੁਲਾਂ ਦੀ ਸੋਜ ਸ਼ਾਮਲ ਹੋ ਸਕਦੇ ਹਨ। ਜੇਕਰ ਇਹ ਪ੍ਰਤੀਕਿਰਿਆ ਹੁੰਦੀ ਹੈ, ਤਾਂ ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਉਸਦਾ ਇਲਾਜ ਕਰਨ ਲਈ ਤਿਆਰ ਹੈ। ਐਮਰਜੈਂਸੀ ਇਲਾਜ ਵਿੱਚ ਏਪੀਨੇਫ੍ਰਿਨ (ਐਡਰੇਨਲਿਨ) ਦਿੱਤੇ ਜਾਣਾ ਅਤੇ ਐਂਬੂਲੈਂਸ ਦੁਆਰਾ ਨਜ਼ਦੀਕੀ ਐਮਰਜੈਂਸੀ ਵਿਭਾਗ ਵਿੱਚ ਟ੍ਰਾਂਸਫਰ ਕਰਨਾ ਸ਼ਾਮਲ ਹੈ। ਜੇਕਰ ਤੁਹਾਡੇ ਕਲੀਨਿਕ ਤੋਂ ਜਾਣ ਤੋਂ ਬਾਅਦ ਲੱਛਣ ਪੈਦਾ ਹੁੰਦੇ ਹਨ, ਤਾਂ **9-1-1** 'ਤੇ ਜਾਂ ਸਥਾਨਕ ਐਮਰਜੈਂਸੀ ਨੰਬਰ 'ਤੇ ਕਾਲ ਕਰੋ।

ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਹਮੇਸ਼ਾ ਗੰਭੀਰ ਜਾਂ ਅਚਾਨਕ ਹੋਣ ਵਾਲੀਆਂ ਪ੍ਰਤੀਕਿਰਿਆਵਾਂ ਦੀ ਰਿਪੋਰਟ ਕਰੋ।

## ਕਿਸਨੂੰ ਵੈਕਸੀਨ ਨਹੀਂ ਲਗਵਾਉਣੀ ਚਾਹੀਦੀ?

ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ ਜੇ:

- ਤੁਹਾਨੂੰ ਜਾਂ ਤੁਹਾਡੇ ਬੱਚੇ ਨੂੰ ਮੇਨਿੰਨਜੋਕੋਕਲ ਵੈਕਸੀਨ ਦੀ ਪਿਛਲੀ ਖੁਰਾਕ, ਜਾਂ ਕੈਨਾਮਾਈਸਿਨ ਸਮੇਤ ਮੇਨ-ਬੀ ਵੈਕਸੀਨ ਦੇ ਕਿਸੇ ਵੀ ਹਿੱਸੇ ਪ੍ਰਤੀ ਜਾਨਲੇਵਾ ਐਲਰਜੀ ਵਾਲੀ ਪ੍ਰਤੀਕ੍ਰਿਆ ਹੋਈ ਸੀ
- ਤੁਸੀਂ ਜਾਂ ਤੁਹਾਡਾ ਬੱਚਾ ਟਰਮੀਨਲ ਕੰਮਪਲੀਮੈਂਟ ਇਨਹਿਬਿਟਰ ਦਵਾਈ (ਉਦਾਹਰਣ ਲਈ, ਸੋਲੀਰਿਸ® ਜਾਂ ਅਲਟੋਮੀਰਿਸ®) ਲੈ ਰਹੇ ਹੋ

ਜ਼ੁਕਾਮ ਜਾਂ ਹੋਰ ਹਲਕੀ ਬਿਮਾਰੀ ਦੇ ਕਾਰਨ ਟੀਕਾਕਰਨ ਕਰਵਾਉਣ ਵਿੱਚ ਦੇਰੀ ਕਰਨ ਦੀ ਕੋਈ ਲੋੜ ਨਹੀਂ ਹੈ। ਪਰ, ਜੇ ਤੁਹਾਨੂੰ ਕੋਈ ਚਿੰਤਾਵਾਂ ਹਨ, ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ।

## ਮੇਨਿੰਨਜੋਕੋਕਲ ਲਾਗ ਕੀ ਹੈ?

ਮੇਨਿੰਨਜੋਕੋਕਲ ਬੀ ਲਾਗ ਮੇਨਿੰਨਜੋਕੋਕਲ ਟਾਈਪ ਬੀ ਨਾਮਕ ਬੈਕਟੀਰੀਆ ਕਾਰਨ ਹੁੰਦੀ ਹੈ। ਇਹ ਗੰਭੀਰ ਅਤੇ ਜਾਨਲੇਵਾ ਲਾਗਾਂ ਦਾ ਕਾਰਨ ਬਣ ਸਕਦੀ ਹੈ ਜਿਸ ਵਿੱਚ ਮੈਨਿਨਜਾਈਟਿਸ, ਦਿਮਾਗ ਨੂੰ ਢੱਕਣ ਵਾਲੀ ਪਰਤ ਦੀ ਲਾਗ, ਅਤੇ ਸੈਪਟੀਸੀਮੀਆ, ਖੂਨ ਦੀ ਲਾਗ ਸ਼ਾਮਲ ਹਨ। ਲਾਗ ਦੀਆਂ ਸਥਾਈ ਜਟਿਲਤਾਵਾਂ ਵਿੱਚ ਦਿਮਾਗ ਨੂੰ ਨੁਕਸਾਨ, ਬੋਲ਼ਾਪਣ ਅਤੇ ਲੱਤਾਂ/ਬਾਹਵਾਂ ਦਾ ਨੁਕਸਾਨ ਸ਼ਾਮਲ ਹਨ। ਬਿਮਾਰ ਹੋਣ ਵਾਲੇ 20 ਲੋਕਾਂ ਵਿੱਚੋਂ ਲਗਭਗ 1 ਦੀ ਮੌਤ ਹੋ ਸਕਦੀ ਹੈ।

ਮੇਨਿੰਨਜੋਕੋਕਲ ਲਾਗ ਖੰਘਣ, ਛਿੱਕਣ ਜਾਂ ਆਹਮੋ-ਸਾਹਮਣੇ ਦੇ ਨਜ਼ਦੀਕੀ ਸੰਪਰਕ ਦੁਆਰਾ ਇੱਕ ਵਿਅਕਤੀ ਤੋਂ ਦੂਜੇ ਵਿਅਕਤੀ ਵਿੱਚ ਫੈਲਦੀ ਹੈ। ਇਹ ਥੁੱਕ ਰਾਹੀਂ ਵੀ ਫੈਲ ਸਕਦੀ ਹੈ। ਨਿਆਣੇ ਅਤੇ ਛੋਟੇ ਬੱਚੇ ਦੂਜੇ ਬੱਚਿਆਂ ਦੁਆਰਾ ਵਰਤੇ ਜਾਂਦੇ ਸੂਦਰਾਂ, ਬੋਤਲਾਂ ਜਾਂ ਖਿਡੌਣਿਆਂ ਨੂੰ ਸਾਂਝਾ ਕਰਨ ਦੁਆਰਾ ਬਿਮਾਰ ਹੋ ਸਕਦੇ ਹਨ। ਵੱਡੇ ਬੱਚੇ ਅਤੇ ਬਾਲਗ ਚੁੰਮਣ ਜਾਂ ਖਾਣਾ, ਪੀਣ ਵਾਲੇ ਪਦਾਰਥ, ਸਿਗਰਟਾਂ, ਲਿਪਸਟਿਕਾਂ, ਪਾਣੀ ਦੀਆਂ ਬੋਤਲਾਂ, ਖੇਡਾਂ ਲਈ ਵਰਤੇ ਜਾਣ ਵਾਲੇ ਮਾਊਥ ਗਾਰਡ ਜਾਂ ਸੰਗੀਤ ਦੇ ਸਾਜ਼ਾਂ ਦੇ ਮਾਊਥਪੀਸ ਸਾਂਝੇ ਕਰਨ ਵਰਗੀਆਂ ਗਤੀਵਿਧੀਆਂ ਰਾਹੀਂ ਬਿਮਾਰ ਹੋ ਸਕਦੇ ਹਨ।

## ਸਿਆਣੇ ਨਾਬਾਲਗਾਂ ਦੀ ਸਹਿਮਤੀ

ਸਿਫ਼ਾਰਸ਼ ਕੀਤੀ ਜਾਂਦੀ ਹੈ ਕਿ ਮਾਤਾ-ਪਿਤਾ ਜਾਂ ਸਰਪ੍ਰਸਤ ਅਤੇ ਉਨ੍ਹਾਂ ਦੇ ਬੱਚੇ ਟੀਕਾਕਰਨ (ਇਮਿਊਨਾਈਜ਼ੇਸ਼ਨ) ਲਈ ਸਹਿਮਤੀ ਬਾਰੇ ਚਰਚਾ ਕਰਨ। 19 ਸਾਲ ਤੋਂ ਘੱਟ ਉਮਰ ਦੇ ਉਹ ਬੱਚੇ ਜਿਹੜੇ ਹਰ ਵੈਕਸੀਨ ਦੇ ਲਾਭ ਅਤੇ ਸੰਭਵ ਪ੍ਰਤੀਕਿਰਿਆਵਾਂ ਅਤੇ ਇਮਿਊਨਾਈਜ਼ੇਸ਼ਨ ਨਾ ਕਰਵਾਉਣ ਦੇ ਜੋਖਮ ਸਮਝਣ ਦੇ ਕਾਬਲ ਹੋਣ, ਕਾਨੂੰਨੀ ਤੌਰ 'ਤੇ ਇਮਿਊਨਾਈਜ਼ੇਸ਼ਨ ਲਈ ਸਹਿਮਤ ਹੋ ਸਕਦੇ ਜਾਂ ਉਸ ਲਈ ਇਨਕਾਰ ਕਰ ਸਕਦੇ ਹਨ। ਸਿਆਣੇ ਨਾਬਾਲਗਾਂ ਦੀ ਸਹਿਮਤੀ ਬਾਰੇ ਹੋਰ ਜਾਣਕਾਰੀ ਵਾਸਤੇ HealthLinkBC File #119 ਦ ਇੰਨਫੈਂਟਸ ਐਕਟ, ਸਿਆਣੇ ਨਾਬਾਲਗਾਂ ਦੀ ਸਹਿਮਤੀ ਅਤੇ ਇਮਿਊਨਾਈਜ਼ੇਸ਼ਨ 'ਤੇ ਜਾਓ।

BC Centre for Disease Control
Provincial Health Services Authority